20231118

# ਮਿਡ-ਡੇ-ਮੀਲ ਸੋਸਾਇਟੀ, ਪੰਜਾਬ

20/10/2023

ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ,
(ਮੋਹਾਲੀ) ਪੰਜਾਬ E-mail Id:mdmpunjab@punjabeducation.gov.in
ਫੋਨ ਨੰ.0172-2210019

ਵੱਲੋਂ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ),

ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ./ਜੀ.ਐਮ./2023/ 284289

ਮਿਤੀ: 10/10/2023

**ਵਿਸ਼ਾ:-** **ਮਿਡ ਡੇ ਮੀਲ ਸਕੀਮ ਅਧੀਨ ਮੋਬਾਇਲ ਐਪ ਦੀ ਰੋਜਾਨਾ ਵਰਤੋਂ ਨਾ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਇਸ ਦਫਤਰ ਦੇ ਪੱਤਰ ਨੰ. 110272 ਮਿਤੀ 18-04-2023 ਪੱਤਰ ਨੰ. 122471 ਮਿਤੀ 03-05-2023 ਪੱਤਰ ਨੰ. 182530 ਮਿਤੀ 04-07-2023 ਪੱਤਰ ਨੰ. 215809 ਮਿਤੀ 03-08-2023 ਪੱਤਰ ਨੰ. 219635 ਮਿਤੀ 08-08-2023, ਪੱਤਰ ਨੰ. 241542 ਮਿਤੀ 29-08-2023 ਅਤੇ ਪੱਤਰ ਨੰ. 258873 ਮਿਤੀ 14-09-2023 ਦੀ ਲਗਾਤਾਰਤਾ ਵਿੱਚ।

2.0 ਆਪ ਦੇ ਧਿਆਨ ਵਿੱਚ ਬਾਰ-ਬਾਰ ਲਿਆਇਆ ਜਾ ਰਿਹਾ ਹੈ ਕਿ ਰਾਜ ਦੇ ਸਮੂਹ ਸਕੂਲਾਂ ਵੱਲੋਂ ਹਰ ਰੋਜ਼ ਸਕੂਲ ਵਿੱਚ ਬਣਾਏ ਗਏ ਮਿਡ ਡੇ ਮੀਲ ਸਬੰਧੀ ਡਾਟਾ ਮੋਬਾਇਲ ਐਪ ਤੇ ਭਰਿਆ ਜਾਂਦਾ ਹੈ ਅਤੇ ਦਫਤਰ ਵੱਲੋਂ Consolidate Report ਰੋਜਾਨਾ ਹਰ ਰੋਜ਼ ਮਨਿਸਟਰੀ ਆਫ ਐਜੂਕੇਸ਼ਨ, ਨਵੀਂ ਦਿੱਲੀ ਦੇ ਪੋਰਟਲ ਤੇ ਦੁਪਹਿਰ ਬਾਅਦ 04:30 PM ਵਜੇਂ ਅਪਲੋਡ ਕੀਤੀ ਜਾਂਦੀ ਹੈ, ਪ੍ਰੰਤੂ ਆਪ ਦੇ ਸਮੂਹ ਸਕੂਲ ਮੁੱਖੀਆਂ ਵੱਲੋਂ ਮਿਤੀ 09-10-2023 ਦਾ ਡਾਟਾ ਮੋਬਾਇਲ ਐਪ ਤੇ ਨਹੀਂ ਭਰਿਆ ਗਿਆ। **ਜਿਸ ਸਬੰਧੀ ਭਾਰਤ ਸਰਕਾਰ ਵੱਲੋਂ ਮਾਣਯੋਗ ਸਕੱਤਰ ਸਕੂਲ ਸਿੱਖਿਆ ਦੇ ਧਿਆਨ ਵਿੱਚ ਰੋਜਾਨਾ ਲਿਆਇਆ ਜਾ ਰਿਹਾ ਹੈ (ਕਾਪੀ ਨੱਥੀ)** ਅਤੇ ਜਦੋਂ ਵੀ ਸਕੂਲ ਵੱਲੋਂ ਇਹ SMS/ਡਾਟਾ ਫੀਡ ਨਹੀਂ ਕੀਤਾ ਜਾਂਦਾ ਹੈ ਤਾਂ ਇਸ ਦਾ ਮਤਲਬ ਹੁੰਦਾ ਹੈ ਕਿ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਉਸ ਦਿਨ ਦਾ ਮਿਡ ਡੇ ਮੀਲ ਨਹੀਂ ਦਿੱਤਾ ਗਿਆ ਅਤੇ ਨਾ ਹੀ ਕਿਸੇ ਵੀ ਤਰ੍ਹਾਂ ਦੇ ਖਰਚ ਦੀ ਕੁਕਿੰਗ ਹੋਈ ਹੈ।

3.0 ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਅਧੀਨ ਆਉਂਦੇ ਸਮੂਹ ਸਕੂਲ ਮੁੱਖੀਆਂ ਤੋਂ **ਰੋਜਾਨਾ ਦੁਪਹਿਰ ਬਾਅਦ 04:00 PM ਵਜੇਂ ਤੱਕ** ਮੋਬਾਇਲ ਐਪ ਤੇ ਡਾਟਾ ਭਰਵਾਇਆ ਜਾਵੇ, ਤਾਂ ਜੋ ਰੋਜਾਨਾ ਮਨਿਸਟਰੀ ਆਫ ਐਜੂਕੇਸ਼ਨ, ਨਵੀਂ ਦਿੱਲੀ ਦੇ ਪੋਰਟਲ ਤੇ ਇਹ ਪੂਰਾ ਡਾਟਾ ਅਪਲੋਡ ਕੀਤਾ ਜਾ ਸਕੇ, ਜੇਕਰ ਕਿਸੇ ਸਕੂਲ ਮੁੱਖੀ ਵੱਲੋਂ ਐਪ ਤੇ ਡਾਟਾ ਭਰਨ ਵਿੱਚ ਦੇਰੀ ਜਾਂ ਅਣਗਹਿਲੀ ਕੀਤੀ ਜਾਂਦੀ ਹੈ ਤਾਂ ਸਬੰਧਤ ਸਕੂਲ ਮੁੱਖੀ ਦੀ ਨਿੱਜੀ ਜਿਮੇਵਾਰੀ ਹੋਵੇਗੀ ਅਤੇ ਉਸ ਦੇ ਵਿਰੁੱਧ ਅਨੁਸਾਸ਼ਨਿਕ ਕਾਰਵਾਈ ਕਰਨ ਹਿੱਤ ਕੇਸ ਮੁੱਖ ਦਫਤਰ ਨੂੰ ਭੇਜਿਆ ਜਾਵੇ ਤਾਂ ਜ਼ੋ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

**4.0** **ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।**

**ਜਨਰਲ ਮੈਨੇਜਰ**

